# Finance Minister Smt Nirmala Sitharaman and Finance Minister of Bhutan Mr Lyonpo Namgay Tshering jointly launch BHIM–UPI in Bhutan

July 13, 2021

…………………………………………………………………………………………………………………………………………………….

# ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਅਤੇ ਭੂਟਾਨੀ ਵਿੱਤ ਮੰਤਰੀ ਸ਼੍ਰੀ ਲਿਓਨਪੋ ਨਾਮਗੇ ਸ਼ੇਰਿੰਗ ਨੇ ਭੂਟਾਨ ਅੰਦਰ ਸਾਂਝੇ ਤੌਰ ਤੇ ਲਾਂਚ ਕੀਤਾ BHIM - UPI

ਜੁਲਾਈ 13, 2021

**ਇਸ ਲਾਂਚ ਨਾਲ 2019 ਵਿੱਚ ਭਾਰਤੀ ਪ੍ਰਧਾਨ ਮੰਤਰੀ ਦੇ ਭੂਟਾਨ ਦੇ ਅਧਿਕਾਰਿਤ ਦੌਰੇ ਦੌਰਾਨ ਦੋਵਾਂ ਦੇਸ਼ਾਂ ਦੁਆਰਾ ਕੀਤਾ ਗਿਆ ਵਚਨ ਪੂਰਾ ਹੋ ਗਿਆ ਹੈ**

ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲੇ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਨੇ ਆਪਣੇ ਹਮਰੁਤਬਾ ਭੂਟਾਨ ਦੇ ਮਾਨਯੋਗ ਵਿੱਤ ਮੰਤਰੀ ਸ਼੍ਰੀ ਲਿਓਨਪੋ ਨਾਮਗੇ ਸ਼ੇਰਿੰਗ ਨਾਲ ਅੱਜ ਦੁਪਹਿਰ ਭੂਟਾਨ ਅੰਦਰ ਇੱਕ ਵਰਚੁਅਲ ਸਮਾਰੋਹ ਵਿੱਚ ਸਾਂਝੇ ਤੌਰ 'ਤੇ BHIM - UPI ਲਾਂਚ ਕੀਤਾ। ਇਸ ਸਮਾਰੋਹ ਵਿੱਚ ਰਾਜ ਮੰਤਰੀ (ਵਿੱਤ) ਡਾ. ਭਾਗਵਤ ਕ੍ਰਿਸ਼ਨ ਰਾਓ ਕਰਡ, ਭੂਟਾਨੀ ਸ਼ਾਹੀ ਮੁਦਰਾ ਅਥਾਰਟੀ ਦੇ ਗਵਰਨਰ ਸ਼੍ਰੀ ਦਾਸ਼ੋ ਪੈਨਜੌਰ, ਵਿੱਤ ਸੇਵਾਵਾਂ ਵਿਭਾਗ ਦੇ ਸਕੱਤਰ ਸ਼੍ਰੀ ਦੇਬਾਸ਼ ਪਾਂਡਾ, ਭੂਟਾਨ ਵਿੱਚ ਭਾਰਤੀ ਰਾਜਦੂਤ ਸ਼੍ਰੀਮਤੀ ਰੁਚਿਰਾ ਕੰਬੋਜ, ਭਾਰਤ ਵਿਖੇ ਭੂਟਾਨੀ ਰਾਜਦੂਤ ਜਨਰਲ ਵੀ. ਨਮਗੈਲ ਅਤੇ ਭਾਰਤੀ ਰਾਸ਼ਟਰੀ ਪੇਮੈਂਟ ਕੋਰਪੋਰੇਸ਼ਨ ਦੇ ਪ੍ਰਬੰਧ ਨਿਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਦਿਲੀਪ ਅੱਸਬੇ ਸ਼ਾਮਲ ਹੋਏ।

ਇਸ ਮੌਕੇ ਬੋਲਦੇ ਹੋਏ ਸ਼੍ਰੀਮਤੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਭਾਰਤ ਦੀ ਗੁਆਂਢੀ ਪਹਿਲਾਂ ਨੀਤੀ ਤਹਿਤ ਭੂਟਾਨ ਅੰਦਰ ਸੇਵਾਵਾਂ ਦੀ ਸ਼ੁਰੂਆਤ ਹੋ ਗਈ ਹੈ ਅਤੇ ਭਾਰਤ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੈ ਅਤੇ ਇਸ ਨੂੰ ਸਾਡੇ ਮਹੱਤਵਪੂਰਨ ਗੁਆਂਢੀ ਨਾਲ ਇਸਨੂੰ ਸਾਂਝਾ ਕਰਕੇ ਖੁਸ਼ੀ ਮਹਿਸੂਸ ਹੁੰਦੀ ਹੈ। ਵਿੱਤ ਮੰਤਰੀ ਨੇ ਕਿਹਾ ਕਿ COVID -19 ਦੇ ਸਮਿਆਂ 'ਚ BHIM - UPI ਦੀ ਭਾਰਤ ਅੰਦਰ ਡਿਜੀਟਲ ਲੈਣ-ਦੇਣ ਦੇ ਮਾਮਲੇ 'ਚ ਸ਼ਾਨਦਾਰ ਜਗ੍ਹਾ ਅਤੇ ਪ੍ਰਾਪਤੀ ਹੈ, ਜਿਸ ਤਹਿਤ ਪਿਛਲੇ 5 ਸਾਲਾਂ ਵਿਚ 10 ਕਰੋੜ ਤੋਂ ਵੱਧ UPI QRs ਬਣਾਏ ਗਏ ਹਨ ਅਤੇ 2020-21 ਵਿੱਚ BHIM - UPI ਰਾਹੀਂ 41 ਲੱਖ ਕਰੋੜ ਰੁਪਏ ਦੇ 22 ਅਰਬ ਲੈਣ ਦੇਣ ਹੋਏ ਹਨ।

ਭੂਟਾਨੀ ਵਿੱਤ ਮੰਤਰੀ ਸ਼੍ਰੀ ਲਿਓਨਪੋ ਨਾਮਗੇਅ ਸ਼ੇਰਿੰਗ ਨੇ ਭੂਟਾਨ ਵਿੱਚ BHIM-UPI ਸੇਵਾਵਾਂ ਦੀ ਸ਼ੁਰੂਆਤ ਕਰਨ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ ਅਤੇ ਉਸਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਸਬੰਧ ਸਮੇਂ ਨਾਲ ਹੋਰ ਮਜ਼ਬੂਤ ਹੋਏ ਹਨ।

ਇਸ ਲਾਂਚ ਨਾਲ 2019 ਵਿੱਚ ਭਾਰਤੀ ਪ੍ਰਧਾਨ ਮੰਤਰੀ ਦੇ ਭੂਟਾਨ ਦੇ ਅਧਿਕਾਰਿਤ ਦੌਰੇ ਦੌਰਾਨ ਦੋਵਾਂ ਦੇਸ਼ਾਂ ਦੁਆਰਾ ਕੀਤਾ ਗਿਆ ਵਚਨ ਪੂਰਾ ਹੋ ਗਿਆ ਹੈ। ਉਸ ਦੌਰੇ ਤੋਂ ਬਾਅਦ ਭਾਰਤ ਅਤੇ ਭੂਟਾਨ ਪਹਿਲਾਂ ਹੀ ਦੋ ਪੜਾਵਾਂ ਤਹਿਤ ਆਪਸ ਵਿੱਚ ਰੁਪੇ ਕਾਰਡਾਂ ਦੀ ਅੰਤਰ-ਕਾਰਜਸ਼ੀਲਤਾ ਨੂੰ ਸਮਰੱਥ ਕਰ ਚੁੱਕੇ ਹਨ - ਪਹਿਲੇ ਪੜਾਅ ਵਿਚ ਭੂਟਾਨ-ਆਧਾਰਿਤ ਟਰਮੀਨਲ 'ਤੇ ਭਾਰਤ ਅੰਦਰ ਜਾਰੀ ਕੀਤੇ ਗਏ ਰੁਪੇ ਕਾਰਡਾਂ ਦੀ ਪ੍ਰਵਾਨਗੀ ਅਤੇ ਦੂਜੇ ਪੜਾਅ 'ਚ ਭੂਟਾਨ ਅੰਦਰ ਜਾਰੀ ਕੀਤੇ ਗਏ ਕਾਰਡਾਂ ਦੀ ਭਾਰਤ ਵਿੱਚ ਪ੍ਰਵਾਨਗੀ।

ਭੂਟਾਨ ਵਿੱਚ ਅੱਜ BHIM-UPI ਦੀ ਸ਼ੁਰੂਆਤ ਹੋਣ ਨਾਲ ਦੋਵਾਂ ਦੇਸ਼ਾਂ ਦੇ ਭੁਗਤਾਨ ਬੁਨਿਆਦੀ ਢਾਂਚੇ ਨਿਰਵਿਘਨ ਤੌਰ 'ਤੇ ਜੁੜ ਗਏ ਹਨ ਅਤੇ ਇਸ ਨਾਲ ਭਾਰਤ ਤੋਂ ਵੱਡੀ ਗਿਣਤੀ ਵਿੱਚ ਹਰ ਸਾਲ ਭੂਟਾਨ ਜਾਣ ਵਾਲੇ ਸੈਲਾਨੀਆਂ ਅਤੇ ਕਾਰੋਬਾਰੀਆਂ ਨੂੰ ਲਾਭ ਹੋਵੇਗਾ। ਇਸ ਨਾਲ ਇੱਕ ਬਟਨ ਦੱਬ ਕੇ ਸੰਪਰਕ-  ਰਹਿਤ  ਤੇ ਨਕਦੀ-ਰਹਿਤ ਲੈਣ-ਦੇਣ ਮੁਮਕਿਨ ਹੋਣ ਕਾਰਨ ਰਹਿਣ-ਸਹਿਣ ਅਤੇ ਯਾਤਰਾ ਦੀ ਆਸਾਨੀ ਵਧੇਗੀ।

ਲਾਂਚ ਦੇ ਹਿੱਸੇ ਵਜੋਂ ਸ਼੍ਰੀਮਤੀ ਨਿਰਮਲਾ ਸੀਤਾਰਮਨ ਨੇ ਭੂਟਾਨ BHIM-UPI ਦੀ ਵਰਤੋਂ ਕਰਕੇ ਭੂਟਾਨ ਦੇ ਸਥਾਨਕ ਭਾਈਚਾਰਿਆਂ ਦੁਆਰਾ ਜੈਵਿਕ ਤੌਰ ਤੇ ਬਣਾਈ ਜਾਂਦੇ ਤਾਜ਼ੇ ਖੇਤੀ ਉਤਪਾਦ ਵੇਚਣ ਵਾਲੇ ਦੇ OGOP ਆਊਟਲੈੱਟ ਤੋਂ ਲਾਈਵ ਲੈਣ ਦੇਣ ਵੀ ਕੀਤਾ।

ਭੂਟਾਨ ਪਹਿਲਾ ਦੇਸ਼ ਹੈ ਜਿਸ ਨੇ ਆਪਣੇ QR ਪ੍ਰਯੋਗ ਲਈ UPI ਦੇ ਮਾਪਦੰਡ ਅਪਣਾਏ ਹਨ ਅਤੇ ਇਹ ਸਾਡੇ ਨੇੜਲੇ ਗੁਆਂਢੀਆਂ ਵਿੱਚ ਅਜਿਹਾ ਪਹਿਲਾ ਦੇਸ਼ ਹੈ ਜਿਸ ਨੇ BHIM-UPI ਰਾਹੀਂ ਮੋਬਾਈਲ-ਆਧਾਰਿਤ ਭੁਗਤਾਨ ਨੂੰ ਪ੍ਰਵਾਨਗੀ ਦਿੱਤੀ ਹੈ।

ਨਵੀਂ ਦਿੱਲੀ

ਜੁਲਾਈ 13, 2021

DISCLAIMER: This is an approximate translation. The original is available in English on MEA's website and may be referred to as the official press release.